ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

ਦਫ਼ਤਰ: ਡਾਇਰੈਕਟੋਰੇਟ ਆਫ਼ ਸਪੋਰਟਸ

ਨੰ..1997......./ਡਸ

ਮਿਤੀ..13/8/2025

ਪ੍ਰਿੰਸੀਪਲ/ਮੁਖੀ ਸਾਹਿਬਾਨ
ਸਮੂਹ ਸੰਬੰਧਤ ਕਾਲਜ/ਵਿਭਾਗ/ਸੈਂਟਰ

ਸ਼੍ਰੀਮਾਨ/ਸ਼੍ਰੀਮਤੀ ਜੀ,

ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਖਿਡਾਰੀਆਂ ਦੀਆਂ ਸਪੈਸ਼ਲ ਪ੍ਰੀਖਿਆਵਾਂ ਕੰਡਕਟ ਕਰਵਾਉਣ ਬਾਬਤ ਵਿਭਾਗ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਮੱਦੇਨਜਰ ਭਵਿੱਖ ਵਿਚ ਕਿਸੇ ਵੀ ਖਿਡਾਰੀ/ਖਿਡਾਰਣ ਦੇ ਸਪੈਸ਼ਲ ਪੇਪਰ ਕਰਵਾਉਣ ਲਈ ਨੱਥੀ ਅਨੁਸਾਰ ਅਪਡੇਟਿਡ ਫਾਰਮ ਹੀ ਸਬੰਧਤ ਖਿਡਾਰੀ ਪਾਸੋਂ ਭਰਵਾਉਣਾ ਅਤੇ ਸਬੰਧਤ ਪ੍ਰੋ. ਇੰਚਾਰਜ਼ (ਟੀਮ)/ਸਬੰਧਤ ਕੋਚ ਦੇ ਹਸਤਾਖਰ ਉਪਰੰਤ ਪ੍ਰਿੰਸੀਪਲ ਸਾਹਿਬ ਦੀ ਸਿਫਾਰਿਸ਼ ਸਹਿਤ ਵਿਭਾਗ ਨੂੰ ਈ.ਮੇਲ ਜਾਂ ਦਸਤੀ ਭੇਜਣਾ ਯਕੀਨੀ ਬਣਾਇਆ ਜਾਵੇ। ਲੋੜੀਂਦੇ ਸਾਰੇ ਦਸਤਾਵੇਜਾਂ/ਸਬੂਤਾਂ ਸਹਿਤ ਪ੍ਰਾਪਤ ਹੋਣ ਵਾਲੇ ਬਿਨੈ ਪੱਤਰਾਂ ਤੇ ਹੀ ਵਿਭਾਗ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾਣੀ ਸੰਭਵ ਹੋਵੇਗੀ ਤਾਂ ਜੋ ਪ੍ਰੀਖਿਆ ਸ਼ਾਖਾ ਨਾਲ ਦਫਤਰੀ ਕਾਰਵਾਈ ਕਰਨ ਵਿਚ ਕਿਸੇ ਪ੍ਰਕਾਰ ਦੀ ਔਕੜ ਪੇਸ਼ ਨਾ ਆਵੇ।

ODD/EVEN SEMESTER ਦੀਆਂ ਪ੍ਰੀਖਿਆਵਾਂ ਦੌਰਾਨ ਖਿਡਾਰੀਆਂ ਦੇ ਰਹਿੰਦੇ ਪੇਪਰ ਸਪੈਸ਼ਲ ਤੌਰ ਤੇ ਕੰਡਕਟ ਕਰਵਾਉਣ ਲਈ ਨਵੇਂ ਅਪਡੇਟਿਡ ਫਾਰਮ ਅਤੇ ਲੋੜੀਂਦੇ ਦਸਤਾਵੇਜ਼ ਵਿਭਾਗ ਨੂੰ ਸਮੇਂ ਸਿਰ ਭੇਜਣਾ ਯਕੀਨੀ ਬਣਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਸਮੇਂ ਸਿਰ ਪ੍ਰਵਾਨਗੀ ਲੈਣ ਉਪਰੰਤ ਕੇਸ ਪ੍ਰੀਖਿਆ ਸ਼ਾਖਾ ਨੂੰ ਭੇਜਿਆ ਜਾ ਸਕੇ।

ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

13/8/2025
ਡਾਇਰੈਕਟਰ ਸਪੋਰਟਸ